ਦਫਤਰ ਰਾਜ ਸਿੱਖਿਆ ਅਤੇ ਕਿੱਤਾ ਅਗਵਾਈ ਬਿਊਰੋ, ਪੰਜਾਬ।
ਬਲਾਕ-ਈ , ਛੇਵੀ ਮੰਜਿਲ , ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:, ਫੇਜ-8 ਐਸ.ਏ.ਐਸ ਨਗਰ।
ਫੋਨ ਨੰਬਰ : 0172-2212221, ਫੈਕਸ ਨੰ : 0172-2212793

ਵੱਲੋਂ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)

ਪੰਜਾਬ।

ਮੀਮੋ ਨੰ:105/1-2015 ਡਿਡਾਗਾਬਿ-1181-1202

ਮਿਤੀ ਐਸ. ਏ.ਐਸ ਨਗਰ।-9-9-15

26/X/15

ਵਿਸ਼ਾ :- ਨੈਸ਼ਨਲ/ਸਟੇਟ ਅਵਾਰਡੀ ਅਧਿਆਪਕਾਂ ਵੱਲੋਂ ਸਕੂਲ ਅਡਾਪਟ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੂੰ ਉੱਚ ਅਧਿਕਾਰੀਆਂ ਵੱਲੋਂ ਹਦਾਇਤ ਹੋਈ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਵਿੱਚ ਗੁਣਾਤਮਿਕ ਸੁਧਾਰ ਲਿਆਉਣ ਲਈ ਵਿਸ਼ੇਸ ਉਪਰਾਲੇ ਕੀਤੇ ਜਾਣ। ਇਸ ਸਬੰਧ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਆਪਣੇ-2 ਜਿਲ੍ਹੇ ਦੇ ਨੈਸ਼ਨਲ/ ਸਟੇਟ ਅਵਾਰਡੀ ਅਧਿਆਪਕਾਂ ਦੀ ਸੂਚੀ ਤਿਆਰ ਕਰਕੇ ਉਹਨਾਂ ਅਧਿਆਪਕਾਂ ਨੂੰ ਸਵੈ-ਇੱਛਾ ਨਾਲ 4-5 ਸਕੂਲ ਅਡਾਪਟ ਕਰਨ ਲਈ ਹਦਾਇਤ ਕਰਨ। ਇਹ ਅਧਿਆਪਕ ਅਡਾਪਟ ਕੀਤੇ ਸਕੂਲਾਂ ਵਿੱਚ ਸਿੱਖਿਆ ਸਬੰਧੀ ਗੁਣਾਤਮਿਕ ਸੁਧਾਰ ਲਿਆਉਣ ਲਈ ਸਕੂਲ ਮੁੱਖੀ, ਨਕਲ ਵਿਰੋਧੀ ਕੁਆਰਡੀਨੇਟਰ ਅਤੇ ਜਿਲ੍ਹਾ ਸਹਾਇਕ ਗਾਈਡੈਂਸ ਕੌਂਸਲਰ ਦੇ ਸਹਿਯੋਗ ਨਾਲ ਸਕੂਲਾਂ ਵਿੱਚ ਵਾਤਾਵਰਣ ਸ਼ੁਧਤਾ (ਹਰਿਆਵਲ), ਸਿਹਤ ਸੰਭਾਲ, ਨਕਲ ਰਹਿਤ ਪ੍ਰੀਖਿਆਵਾਂ ਦੇ ਸੰਚਾਲਨ, ਕੈਰੀਅਰ ਗਾਈਡੈਂਸ ਅਤੇ ਕਾਉਂਸਲਿੰਗ ਸਬੰਧੀ ਸੇਧ ਦੇਣਗੇ। ਇਹ ਅਧਿਆਪਕ ਆਪਣੇ ਅਡਾਪਟ ਕੀਤੇ ਸਕੂਲਾਂ ਦੇ ਪ੍ਰੇਰਨਾ ਸਰੋਤ ਹੋਣਗੇ। ਇਸ ਨੂੰ ਪਰਮਅਗੇਤ ਦਿੱਤੀ ਜਾਵੇ। ਇੰਨ-ਬਿੰਨ ਪਾਲਣਾ ਹਿੱਤ ਜੀ।

8/9/15

ਸਟੇਟ ਕੋਆਰਡੀਨੇਟਰ-ਕਮ-ਡਿਪਟੀ ਡਾਇਰੈਕਟਰ
ਰਾਜ ਸਿੱਖਿਆ ਅਤੇ ਕਿੱਤਾ ਅਗਵਾਈ ਬਿਊਰੋ
ਐਸ.ਏ.ਐਸ. ਨਗਰ, ਪੰਜਾਬ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ.) ਅੰਮ੍ਰਿਤਸਰ.

ਪਿੱਠ ਅੰਕਣ ਨੰ। 2375 ਮਿਤੀ 26-10-15

ਉਪਰੋਕਤ ਦਾ ਉਤਾਰਾ ਸਰਕਾਰੀ/ ਏਡਿਡ/ ਪ੍ਰਾਈਵੇਟ/ ਸਮੂਹ ਸਕੂਲ ਮੁਖੀਆਂ/ਇੰਚਾਰਜਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਮੀਮੋ ਨੰ. 105/1-2015 ਡਿਡਾਗਾਬਿ-1181-1202 ਮਿਤੀ ਐਸ.ਏ.ਐਸ ਨਗਰ 09/09/2015 ਅਨੁਸਾਰ ਸਟੇਟ/ ਨੈਸ਼ਨਲ ਅਵਾਰਡੀ ਅਧਿਆਪਕਾਂ ਵੱਲੋਂ ਸਕੂਲ ਅਡਾਪਟ ਕਰਨ ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨੂੰ ਲੋੜੀਂਦੀ ਤੌਰ ਪੜ੍ਹ ਕੇ ਅਤੇ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇ। ਇਸ ਪੱਤਰ ਨੂੰ ਪਰਮ ਅਗੇਤ ਦਿੱਤੀ ਜਾਵੇ

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਅੰਮ੍ਰਿਤਸਰ